STATE OF WASHINGTON
**DEPARTMENT OF CHILDREN, YOUTH, AND FAMILIES**
CHILD CARE SUBSIDY PROGRAMS (CCSP)

# ਪਰਿਵਾਰ, ਦੋਸਤ ਅਤੇ ਗੁਆਂਢੀ (FFN) ਘਰ-ਵਿਚ/ਰਿਸ਼ਤੇਦਾਰ ਸਬੰਧੀ ਵਿਚਾਰ ਅਧੀਨ ਚਿੱਠੀ

**Family, Friend and Neighbor (FFN) In-Home / Relative Pending Letter**

ਤਾਰੀਖ਼: ______________________

______________________
ਬਾਲ ਸੰਭਾਲ ਸਬਸਿਡੀ ਦੇ ਸੰਪਰਕ ਸੈਂਟਰ ਦਾ ਫੋਨ

______________________
ਬਾਲ ਸੰਭਾਲ ਸਬਸਿਡੀ ਦੇ ਸੰਪਰਕ ਸੈਂਟਰ ਦਾ ਫ਼ੈਕਸ

______________________
ਕਲਾਇੰਟ ਦਾ ਅਰਜ਼ੀ ਨੰਬਰ

ਤੁਸੀਂ ਹੇਠਾਂ ਦਿੱਤਿਆਂ ਵਿਚੋਂ ਕਿਸੇ ਇਕ ਵਲੋਂ ਬਾਲ ਸੰਭਾਲ ਉਪਲਬਧ ਕਰਾਉਣ ਬਦਲੇ ਭੁਗਤਾਨ ਕਰਨ ਲਈ ਵਰਕਿੰਗ ਕਨੈਕਸ਼ਨਸ ਚਾਈਲਡ ਕੇਅਰ ਤੋਂ ਮਦਦ ਲਈ ਕਿਹਾ ਹੈ:

1. ਇਕ ਗ਼ੈਰ-ਰਿਸ਼ਤਾਰ (ਦੋਸਤ ਜਾਂ ਗੁਆਂਢੀ), ਜੋ ਬਾਲ ਸੰਭਾਲ ਕਰਨ ਲਈ ਤੁਹਾਡੇ ਘਰ ਆਉਂਦਾ ਹੈ; ਜਾਂ
2. ਰਿਸ਼ਤੇਦਾਰ ਦੇ ਘਰ ਵਿਚ ਇਕ ਯੋਗ ਰਿਸ਼ਤੇਦਾਰ (ਪਰਿਵਾਰ) ਜਾਂ ਇਕ ਯੋਗ ਰਿਸ਼ਤੇਦਾਰ, ਜੋ ਬਾਲ ਸੰਭਾਲ ਕਰਨ ਲਈ ਤੁਹਾਡੇ ਘਰ ਆਉਂਦਾ ਹੈ।

ਕਿਰਪਾ ਕਰਕੇ ਇਹ ਚਿੱਠੀ ਪੜ੍ਹੋ ਅਤੇ ਇਸਦੇ ਸੈਕਸ਼ਨ **1** ਅਤੇ **2** ਵਿਚਲੀਆਂ ਹਿਦਾਇਤਾਂ ਦੀ ਪਾਲਣਾ ਕਰੋ।

**ਸੈਕਸ਼ਨ 1.** ਬੱਚਿਆਂ, ਨੌਜੁਆਨ ਅਤੇ ਪਰਿਵਾਰਾਂ ਬਾਰੇ ਵਿਭਾਗ (**Department of Children, Youth, and Families** ਵਲੋਂ ਭੁਗਤਾਨ ਦਾ ਅਖ਼ਤਿਆਰ ਦੇਣ ਅਤੇ ਪ੍ਰੋਵਾਈਡਰ ਨੂੰ ਪ੍ਰਵਾਣਗੀ ਦੇਣ ਤੋਂ ਪਹਿਲਾਂ(**DCYF**)

ਪਰਿਵਾਰ, ਦੋਸਤ ਅਤੇ ਗੁਆਂਢ ਦੇ ਸਾਰੇ ਪ੍ਰੋਵਾਈਡਰ 18 ਸਾਲ ਜਾਂ ਵੱਧ ਉਮਰ ਦੇ ਜ਼ਰੂਰ ਹੋਣੇ ਚਾਹੀਦੇ ਹਨ। ਪ੍ਰਵਾਣਗੀ ਦਾ ਅਮਲ ਸ਼ੁਰੂ ਕਰਨ ਲਈ, ਪਰਿਵਾਰ, ਦੋਸਤ ਅਤੇ ਗੁਆਂਢ ਦੇ ਸਾਰੇ ਪ੍ਰੋਵਾਈਡਰਾਂ ਨੂੰ ਹੇਠਾਂ ਦਿੱਤੇ ਕੰਮ ਜ਼ਰੂਰ ਕਰਨੇ ਚਾਹੀਦੇ ਹਨ:

**ਪੜਾਅ 1.** ਯੂਜ਼ਰ ਪ੍ਰੋਫ਼ਾਈਲ ਨੂੰ dcyf.wa.gov/services/early-learning-providers/ffn. ਵਿਖੇ WA ਕੰਪਸ ਪ੍ਰੋਵਾਈਡਰ ਪੋਰਟਲ ਵਿਚ ਮੁਕੰਮਲ ਕਰੋ।

**ਪੜਾਅ 2.** ਯੂਜ਼ਰ ਪ੍ਰੋਫ਼ਾਈਲ ਨੂੰ dcyf.wa.gov/services/earlylearning-profdev/merit. ਵਿਖੇ ਮੈਰਿਟ (MERIT) ਵਿਚ ਮੁਕੰਮਲ ਕ ਰੋ।

**ਪੜਾਅ 3.** ਮੈਰਿਟ ਵਿਚ ਹੁੰਦਿਆਂ ਹੋਇਆਂ, ਪੋਰਟੇਬਲ ਬੈਕਗ੍ਰਾਊਂਡ ਵੇਖੋ (PBC) ਅਤੇ ਉਂਗਲਾਂ ਦੀ ਛਾਪ ਦਾ ਅਮਲ ਕਿਵੇਂ ਭਰਿਆ ਜਾਏ, ਬਾਰੇ ਹਿਦਾਇਤਾਂ ਪ੍ਰਾਪਤ ਕਰੋ। ਮੁਫ਼ਤ PBC ਅਰਜ਼ੀ ਅਤੇ ਉਂਗਲਾਂ ਦੀ ਛਾਪ ਲਈ ਇਸ ਨੰਬਰ ਦੀ ਵਰਤੋਂ ਕਰੋ: SU ਦਾ ਅਰਜ਼ੀ ਨੰਬਰ: _____. ਸੁਆਲਾਂ ਲਈ ਸੰਪਰਕ ਲਈ ਵਿਕਲਪ **DCYF** ਵਿਖੇ **1-866-482-4325** ਸੰਪਰਕ **#8** ਕਰੋ।

**ਪੜਾਅ 4.** ਵੈਧ ਸੋਸ਼ਲ ਸਿਕਿਓਰਿਟੀ ਕਾਰਡ ਅਤੇ ਸਰਕਾਰ ਵਲੋਂ ਜਾਰੀ ਕੀਤਾ ਗਿਆ ਫੋਟੋ ਪਛਾਣ-ਪੱਤਰ, ਜਿਵੇਂ ਡ੍ਰਾਈਵਰ ਦਾ ਲਾਇਸੈਂਸ, ਵਾੱਸ਼ਿੰਗਟਨ ਸਟੇਟ ਦਾ ਪਛਾਣ-ਪੱਤਰ ਜਾਂ dcyf.wa.gov/services/early-learning-providers/ffn ਵਿਖੇ WA ਕੰਪਸ ਪ੍ਰੋਵਾਈਡਰ ਪੋਰਟਲ ਵਿਚ ਪਾਸਪੋਰਟ ਦੀ ਵੈਧ ਕਾੱਪੀ ਭੇਜੋ ਜਾਂ ਅਪਲੋਡ ਕਰੋ।

ਬੱਚੇ ਨਾਲ ਰਿਸ਼ਤਾ ਅਤੇ ਸੰਭਾਲ ਕਿੱਥੇ ਹੋਈ ਸੀ, ਦੇ ਅਧਾਰ 'ਤੇ ਪ੍ਰੋਵਾਈਡਰ ਦੀ ਪ੍ਰਵਾਣਗੀ ਲਈ ਵਾਧੂ ਕਾਰਵਾਈਆਂ ਦੀ ਲੋੜ ਪੈਂਦੀ ਹੈ।

| ਗ਼ੈਰ-ਰਿਸ਼ਤੇਦਾਰ | ਰਿਸ਼ਤੇਦਾਰ (ਖ਼ੂਨ ਦਾ ਰਿਸ਼ਤਾ, ਵਿਆਹ ਜਾਂ ਅਦਾਲਤ ਦੇ ਫ਼ਰਮਾਨ ਰਾਹੀਂ ਪਰਿਵਾਰ) |
|---|---|
| ਪ੍ਰੋਵਾਈਡਰ ਦਾ ਬੱਚੇ ਨਾਲ ਕੋਈ ਰਿਸ਼ਤਾ ਨਹੀਂ ਹੈ ਅਤੇ ਉਹ ਹੈ:<br>a) ਦੋਸਤ; ਜਾਂ<br>b) ਮਾਤਾ-ਪਿਤਾ ਦਾ ਗੁਆਂਢੀ। | ਪ੍ਰੋਵਾਈਡਰ ਦਾ ਬੱਚੇ ਨਾਲ ਕੋਈ ਰਿਸ਼ਤਾ ਹੈ ਅਤੇ ਉਹ ਹੈ:<br>a) ਬਾਲਗ਼ ਭੈਣ-ਭਰਾ, ਜੋ ਬੱਚੇ ਦੇ ਘਰ ਤੋਂ ਬਾਹਰ ਰਹਿੰਦਾ ਹੈ;<br>b) ਦਾਦਾ-ਦਾਦੀ/ਨਾਨਾ-ਨਾਨੀ (ਪੜਦਾਦਾ-ਪੜਦਾਦੀ/ਲੱਕੜਦਾਦਾ-ਲੱਕੜਦਾਦੀ);<br>c) ਆਂਟੀ ਜਾਂ ਅੰਕਲ (ਚਾਚਾ-ਚਾਚੀ/ਤਾਇਆ-ਤਾਈ); ਜਾਂ<br>d) ਖ਼ੂਨ ਦੇ ਰਿਸ਼ਤਾ, ਵਿਆਹ ਜਾਂ ਅਦਾਲਤ ਦੇ ਫ਼ਰਮਾਨ ਰਾਹੀਂ ਹੋਰ ਪਰਿਵਾਰ। |
| ਬਾਲ ਸੰਭਾਲ ਦੀ ਸਿਰਫ਼ ਬੱਚੇ ਦੇ ਘਰ ਵਿਚ ਇਜਾਜ਼ਤ ਹੈ | ਬਾਲ ਸੰਭਾਲ ਦੀ ਪ੍ਰੋਵਾਈਡਰ ਦੇ ਘਰ ਜਾਂ ਬੱਚੇ ਦੇ ਘਰ ਵਿਚ ਇਜਾਜ਼ਤ ਹੈ |
| ਸ਼ੁਰੂਆਤੀ ਪ੍ਰਵਾਣਗੀ ਲਈ ਕਿਸੇ ਵਾਧੂ ਸ਼ਰਤਾਂ ਦੀ ਲੋੜ ਨਹੀਂ ਹੈ –ਜਾਰੀ ਯੋਗਤਾ ਲਈਸ਼ਰਤਾਂ ਵਾਸਤੇ ਸੈਕਸ਼ਨ **2** ਵੇਖੋ | ਜੇ ਸੰਭਾਲ ਪ੍ਰੋਵਾਈਡਰ ਦੇ ਘਰ ਵਿਚ ਹੁੰਦੀ ਹੈ, ਤਾਂ ਪ੍ਰੋਵਾਈਡਰ ਦੇ ਘਰ ਵਿਚ ਸਾਰੇ ਵਿਅਕਤੀ 16 ਸਾਲ ਜਾਂ ਵੱਧ ਉਮਰ ਦੇ ਹੋਣੇ ਚਾਹੀਦੇ ਹਨ, ਜੋ ਰਿਸ਼ਤੇਦਾਰ ਨਾਲ ਰਹਿੰਦੇ ਹਨ, ਲਈ ਉਪਰੋਕਤ ਪੜਾਅ 1, 2 ਅਤੇ 3 ਵੀ ਭਰੋ। |

## ਸੈਕਸ਼ਨ 2. DCYF ਵਲੋਂ ਪ੍ਰਵਾਣਗੀ ਤੋਂ ਬਾਅਦ। ਭੁਗਤਾਨ ਉਸ ਸਮੇਂ ਦੀ ਤਾਰੀਖ਼ ਤੱਕ ਸ਼ੁਰੂ ਨਹੀਂ ਹੋਏਗਾ, ਜਦ ਤੱਕ ਕਿ ਤੁਹਾਡੇ ਪ੍ਰੋਵਾਈਡਰ ਨੂੰ ਪ੍ਰਵਾਣਗੀ ਨਹੀਂ ਮਿਲਦੀ ਜਾਂ ਸੰਭਾਲ ਸ਼ੁਰੂ ਨਹੀਂ ਹੁੰਦੀ, ਜੋ ਵੀ ਬਾਅਦ ਵਿਚ ਹੁੰਦੀ ਹੈ। WAC 110-15-0125

ਭੁਗਤਾਨ ਲਈ ਯੋਗ ਬਣੇ ਰਹਿਣ ਵਾਸਤੇ, ਸਾਰੇ ਗ਼ੈਰ-ਰਿਸ਼ਤੇਦਾਰ (ਦੋਸਤ ਅਤੇ ਗੁਆਂਢੀ) ਅਤੇ ਰਿਸ਼ਤੇਦਾਰ (ਪਰਿਵਾਰ) ਪ੍ਰੋਵਾਈਡਰ ਜ਼ਰੂਰ ਹੋਣਾ ਚਾਹੀਦਾ ਹੈ:

A. ਭੁਗਤਾਨ ਦੀ ਤਾਰੀਖ਼ ਸ਼ੁਰੂ ਹੋਣ ਦੇ ਪਹਿਲੇ ਨੱਬੇ (90) ਦਿਨਾਂ ਦੇ ਅੰਦਰ DCYF ਇਲੈਕਟ੍ਰੌਨਿਕ ਹਾਜ਼ਰੀ ਦੀ ਟ੍ਰੈਕਿੰਗ ਦੀ ਸਿਖਲਾਈ ਮੁਕੰਮਲ ਕਰੋ। ਸਿਖਲਾਈ ਸਬੰਧੀ ਜਾਣਕਾਰੀ dcyf.wa.gov/services/early-learning-providers/electronic-attendance-system/training ਵਿਖੇ ਵੇਖੋ ਜਾਂ DCYF ਵਿਖੇ dcyf.wa.gov/services/early-learning-providers/electronic-attendance-system/training. ਰਾਹੀਂ ਤੁਹਾਡੀ ਪ੍ਰਵਾਣਿਤ ਇਲੈਕਟ੍ਰੌਨਿਕ ਹਾਜ਼ਰੀ ਦੀ ਟ੍ਰੈਕਿੰਗ ਦੀ ਸਿਖਲਾਈ ਦਾ ਸਿਸਟਮ ਹੈ।

B. ਹਰ ਬੱਚੇ ਲਈ ਉਪਲਬਧ ਕਰਾਈ ਜਾਂਦੀ ਸੰਭਾਲ ਸ਼ੁਰੂ ਕਰਨ ਅਤੇ ਖ਼ਤਮ ਕਰਨ ਦੇ ਸਮੇਂ ਭਰਨ ਲਈ ਰੋਜ਼ ਇਲੈਕਟ੍ਰੌਨਿਕ ਹਾਜ਼ਰੀ ਸਿਸਟਮ ਦੀ ਵਰਤੋਂ ਕਰੋ ਅਤੇ ਇਲੈਕਟ੍ਰੌਨਿਕ ਸਿਸਟਮ ਦੀ ਵਰਤੋਂ ਕਰਦਿਆਂ DCYF ਹਰ ਮਹੀਨੇ ਲਈ ਇਲੈਕਟ੍ਰੌਨਿਕ ਰਿਕਾੱਰਡ ਜਮ੍ਹਾ ਕਰੋ।

C. WA ਕੰਪਸ ਪ੍ਰੋਵਾਈਡਰ ਪੋਰਟਲ ਵਿਚ ਉਹਨਾਂ ਦੀ ਜਾਣਕਾਰੀ ਰੱਖੋ ਅਤੇ MERIT ਉਹਨਾਂ ਦੇ ਕਾਨੂੰਨੀ ਨਾਂ, ਪਤੇ ਅਤੇ ਟੈਲੀਫੋਨ ਨੰਬਰ ਵਿਚਲੀਆਂ ਤਬਦੀਲੀਆਂ ਨਵਿਆਓ। ਸੈਕਸ਼ਨ **1:** ਪਹਿਲੇ ਪੰਨੇ 'ਤੇ ਪੜਾਅ 1 ਅਤੇ 2)

D. ਉਹਨਾਂ ਦੀ ਨਵਿਆਈ ਗਈ ਪੋਰਟੇਬਲ ਪਿਛੋਕੜ ਜਾਂਚ ਰੱਖੋ (ਹਰ 3 ਸਾਲਾਂ ਵਿਚ ਲੋੜ ਪੈਂਦੀ ਹੈ)। ਸੈਕਸ਼ਨ **1:** ਪਹਿਲੇ ਪੰਨੇ 'ਤੇ ਪੜਾਅ 3)

ਬੱਚੇ ਨਾਲ ਪ੍ਰੋਵਾਈਡਰ ਦਾ ਰਿਸ਼ਤਾ ਅਤੇ ਸੰਭਾਲ ਕਿੱਥੇ ਹੁੰਦੀ ਹੈ, ਦੇ ਅਧਾਰ 'ਤੇ ਉਹਨਾਂ ਲਈ ਵਾਧੂ ਜਾਰੀ ਸ਼ਰਤਾਂ ਹੇਠਾਂ ਦਿੱਤੀਆਂ ਗਈਆਂ ਹਨ:

| ਗ਼ੈਰ-ਰਿਸ਼ਤੇਦਾਰ ਪ੍ਰੋਵਾਈਡਰ<br>ਸਿਰਫ਼ ਬੱਚੇ ਦੇ ਘਰ ਵਿਚ ਬਾਲ ਸੰਭਾਲ ਦੀ ਇਜਾਜ਼ਤ ਹੁੰਦੀ ਹੈ | ਯੋਗ ਰਿਸ਼ਤੇਦਾਰ ਪ੍ਰੋਵਾਈਡਰ<br>ਪ੍ਰੋਵਾਈਡਰ ਜਾਂ ਬੱਚੇ ਦੇ ਘਰ ਵਿਚ ਬਾਲ ਸੰਭਾਲ ਹੁੰਦੀ ਹੈ |
|---|---|
| 1. ਭੁਗਤਾਨ ਸ਼ੁਰੂ ਹੋਣ ਦੀ ਤਾਰੀਖ਼ ਦੇ ਪਹਿਲੇ 90 ਦਿਨਾਂ ਦੇ ਅੰਦਰ ਮੁਕੰਮਲ ਕਰੋ:<br>a) DCYF ਸਿਹਤ ਅਤੇ ਸੁਰੱਖਿਆ ਸਿਖਲਾਈ ਜਾਂ DCYF ਦੀ ਪੁਸ਼ਟੀ ਹੋਵੇ WAC 110-16-0025(2)(b). ਅਨੁਸਾਰ ਸਿਖਲਾਈ ਦੀ ਛੋਟ DCYF ਸਿਹਤ ਅਤੇ ਸੁਰੱਖਿਆ ਸਿਖਲਾਈ: dcyf.wa.gov/services/early-learning-providers/ffn; ਵਿਖੇ ਔਨ-ਲਾਈਨ ਮਿਲ ਸਕਦੀ ਹੈ।<br>b) ਨਵ-ਜਨਮੇ ਬੱਚੇ, ਬੱਚੇ ਅਤੇ ਬਾਲਗ਼ ਲਈ ਮੁਢਲੇ ਇਲਾਜ (ਫ਼ਰਸਟ ਏਡ) ਅਤੇ ਦਿਲ ਦਾ ਦੌਰਾ ਪੈਣ ਵੇਲੇ ਮੂੰਹ ਰਾਹੀਂ ਸਾਹ ਦੇਣ ਸਬੰਧੀ (CPR) ਸਿਖਲਾਈ ਮੁਕੰਮਲ ਕਰੋ।<br>c) dcyf.wa.gov/services/earlylearning-profdev/merit ਵਿਖੇ ਵਿਚ CPRਦੀ/ਮੁਢਲੇ ਇਲਾਜ ਦੀ ਸਿਖਲਾਈ ਦੀ ਮੁਕੰਮਲ ਕਰਨ ਦੀ ਤਾਰੀਖ਼ ਭਰੋMERIT CPRਦਾ/ਮੁਢਲੇ ਇਲਾਜ ਦੀ ਸਿਖਲਾਈ (ਕਾਰਡ, ਸਰਟੀਫ਼ਿਕੇਟ ਜਾਂ ਇੰਸਟ੍ਰਕਟਰ ਦੀ ਚਿੱਠੀ) dcyf.wa.gov/services/early-learning-providers/ffn ਵਿਖੇDCYF ਭੇਜੋ ਜਾਂ ਸਬੂਤ ਅਪਲੋਡ ਕਰੋ।<br>2. ਉਪਰੋਕਤ ਸਿਖਲਾਈ ਮੁਕੰਮਲ ਹੋਣ ਦੇ 45 ਦਿਨਾਂ ਦੇ ਅੰਦਰ ਪ੍ਰੋਵਾਈਡਰ ਅਤੇ ਤੁਹਾਡੇ, ਮਾਤਾ-ਪਿਤਾ ਵਲੋਂ ਦਸਤਖ਼ਤ ਕੀਤਾ ਗਿਆ, ਘਰ-ਵਿਚ ਸਿਹਤ ਅਤੇ ਸੁਰੱਖਿਆ ਸਮਝੌਤਾ DCYF ਨੂੰ WCCC ਮੁਹੱਈਆ ਕਰਾਓ, ਜਿਸ ਤੋਂ ਪਤਾ ਚੱਲਦਾ ਹੈ ਕਿ ਉਹਨਾਂ ਨੇ ਵਿਚਾਰ-ਵਟਾਂਦਰਾ ਕੀਤਾ ਹੈ ਅਤੇ ਸਮਝੌਤੇ ਵਿਚ ਦਿੱਤੇ ਗਏ ਸਾਰੇ ਵਿਸ਼ਿਆਂ ਅਤੇ ਵਿਸ਼ੇ ਨਾਲ ਸਬੰਧਿਤ ਮਾਮਲੇ ਦੀਆਂ ਮਦਾਂ ਦਾ ਜਾਇਜ਼ਾ ਲਿਆ ਗਿਆ ਹੈ।<br>3. DCYF ਨਾਲ ਲਾਇਸੈਂਸਸ਼ੁਦਾ ਛੋਟ ਵਾਲੇ ਸਪੈਸ਼ਲਿਸਟ; ਅਤੇ ਜਦੋਂ ਉਪਲਬਧ ਹੋਵੇ, ਤੁਸੀਂ ਅਤੇ ਮਾਤਾ-ਪਿਤਾ ਵਲੋਂ ਬੱਚੇ ਦੇ ਘਰ ਵਿਚ ਸਲਾਨਾ ਵਿਜ਼ਿਟ ਵਿਚ ਹਿੱਸਾ ਲੈਣਾ। ਵਿਜ਼ਿਟ ਦਾ ਉਦੇਸ਼ ਯਕੀਨੀ ਬਣਾਉਣਾ ਹੈ ਕਿ ਤੁਸੀਂ ਅਤੇ ਤੁਹਾਡਾ ਪ੍ਰੋਵਾਈਡਰ ਸਿਹਤ ਅਤੇ ਸੁਰੱਖਿਆ ਸ਼ਰਤਾਂ ਦੀ ਪਾਲਣਾ ਕਰਦੇ ਹੋ, ਬਾਲ ਸੰਭਾਲ ਮਾਹੌਲ ਅਤੇ ਬੱਚੇ ਨਾਲ ਪ੍ਰੋਵਾਈਡਰ ਦੀ ਗੱਲਬਾਤ ਦਾ ਨਿਰੀਖਣ ਕਰਦੇ ਹੋ ਅਤੇ ਸਿਹਤ ਅਤੇ ਸੁਰੱਖਿਆ ਤਰੀਕਿਆਂ ਬਾਰੇ ਵਿਚਾਰ-ਚਰਚਾ ਕਰਦੇ ਹੋ।<br>4. ਘੱਟੋ-ਘੱਟ ਸਲਾਨਾ ਤੌਰ 'ਤੇ DCYF ਪ੍ਰਵਾਣਿਤ ਸਿਹਤ ਅਤੇ ਸੁਰੱਖਿਆ ਸਿਖਲਾਈ ਮੁਕੰਮਲ ਕਰੋ। | 1. ਜਦੋਂ ਬਾਲ ਸੰਭਾਲ <u>ਰਿਸ਼ਤੇਦਾਰ ਪ੍ਰੋਵਾਈਡਰ ਦੇ ਘਰ</u> ਵਿਚ ਹੁੰਦੀ ਹੈ, ਤਾਂ 16 ਸਾਲ ਅਤੇ ਵੱਧ ਉਮਰ ਦੇ ਵਿਅਕਤੀ, ਜੋ:<br>a) ਰਿਸ਼ਤੇਦਾਰ ਪ੍ਰੋਵਾਈਡਰ ਨਾਲ ਰਹਿੰਦਾ ਹੈ, ਨੂੰ ਨਵਿਆਈ ਗਈ ਆਪਣੀ ਪੋਰਟੇਬਲ ਪਿਛੋਕੜ ਦੀ ਜਾਂਚ ਜ਼ਰੂਰ ਰੱਖਣੀ ਚਾਹੀਦੀ ਹੈ (ਹਰ 3 ਸਾਲ ਵਿਚ ਲੋੜ ਪੈਂਦੀ ਹੈ)।<br>b) ਰਿਸ਼ਤੇਦਾਰ ਪ੍ਰੋਵਾਈਡਰ ਨਾਲ ਰਹਿਣ ਦੀ ਯੋਜਨਾ, ਉਸ ਕੋਲ ਪ੍ਰੋਵਾਈਡਰ ਨਾਲ ਆਕੇ ਰਹਿਣ ਤੋਂ ਪਹਿਲਾਂ ਭਰੀ ਹੋਈ ਪੋਰਟੇਬਲ ਪਿਛੋਕੜ ਦੀ ਜਾਂਚ ਜ਼ਰੂਰ ਹੋਣੀ ਚਾਹੀਦੀ ਹੈ।<br>2. ਭੁਗਤਾਨ ਦੀ ਤਾਰੀਖ਼ ਸ਼ੁਰੂ ਹੋਣ ਦੇ ਨੱਬੇ ਦਿਨਾਂ ਦੇ ਅੰਦਰ ਅਤੇ ਪਹਿਲੀ ਫੋਨ ਕਾੱਲ ਤੋਂ ਹਰ ਸਾਲ ਤਕਨੀਕੀ ਸਹਾਇਤਾ ਫੋਨ ਕਾੱਲ ਵਿਚ ਹਿੱਸਾ ਲੈਣਾ। ਇਹ ਸ਼ਰਤ <u>ਸਿਰਫ਼ ਰਿਸ਼ਤੇਦਾਰਪ੍ਰੋਵਾਈਡਰ 'ਤੇ ਲਾਗੂ ਹੁੰਦੀ ਹੈ, ਜੋ ਨਹੀਂ ਹੈ</u>:<br>a) ਇਕ ਬਾਲਗ਼ ਭੈਣ-ਭਰਾ, ਜੋ ਬੱਚੇ ਦੇ ਘਰ ਤੋਂ ਬਾਹਰ ਰਹਿੰਦੀ/ਰਹਿੰਦਾ ਹੈ;<br>b) ਦਾਦਾ-ਦਾਦੀ ਜਾਂ ਪੜਦਾਦਾ-ਪੜਦਾਦੀ;<br>c) ਆਂਟੀ ਜਾਂ ਅੰਕਲ। |

ਚਾਈਲਡ ਕੇਅਰ ਅਵੇਅਰ ਉੱਚ-ਕੁਆਲਿਟੀ ਦੀ ਲਾਇਸੈਂਸਸ਼ੁਦਾ ਬਾਲ ਸੰਭਾਲ ਚਾਹੁਣ ਵਾਲੇ ਪਰਿਵਾਰਾਂ ਲਈ ਮੁਫ਼ਤ, ਬੇਲਾਗ ਜਾਣਕਾਰੀ ਅਤੇ ਰੈਫ਼ਰਲ ਮੁਹੱਈਆ ਕਰਦੀ ਹੈ। 1-800-446-1114 'ਤੇ ਕਾੱਲ ਕਰੋ ਜਾਂ childcareaware.org. 'ਤੇ ਔਨਲਾਈਨ ਸੰਪਰਕ ਕਰੋ

ਲਾਇਸੈਂਸਸ਼ੁਦਾ ਬਾਲ ਸੰਭਾਲ ਪਿਛੋਕੜ ਦੀ ਜਾਂਚ ਦੀਆਂ ਸਥਿਤੀਆਂ, ਲਾਇਸੈਂਸਿੰਗ ਇਤਿਹਾਸ, ਨਿਗਰਾਨੀ ਦੀਆਂ ਰਿਪੋਰਟਾਂ, ਬੋਲਣ ਵਾਲੀਆਂ ਭਾਸ਼ਾਵਾਂ ਅਤੇ ਹੋਰ ਬਹੁਤ ਕੁਝ ਲਈ 'ਤੇ ਜਾਓ: **findchildcarewa.org** ਵਿਖੇ ਬਾਲ ਸੰਭਾਲ ਜਾਂਚ।

ਤੁਸੀਂ ਜਾਣ ਸਕਦੇ ਹੋ ਕਿ ਤੁਹਾਡੇ ਬੱਚੇ ਦਾ ਵਿਕਾਸ ਠੀਕ ਢੰਗ ਨਾਲ ਹੋ ਰਿਹਾ ਹੈ ਜਾਂ ਜੇ ਸਕੂਲ ਲਈ ਤਿਆਰ ਹੋਣ ਵਾਸਤੇ ਬੱਚੀ ਨੂੰ ਥੋੜ੍ਹੀ-ਕੁ ਵਾਧੂ ਪ੍ਰੈਕਟਿਸ ਦੀ ਲੋੜ ਹੈ। ਇੰਜ ਕਰਕੇ ਤੁਸੀਂ 1-800-322-2588 ਵਿਖੇ ਫ਼ੈਮਿਲੀ ਹੈਲਥ ਹਾੱਟਲਾਈਨ ਨੂੰ ਕਾੱਲ ਕਰਕੇ ਮੁਫ਼ਤ ਬਾਲ ਵਿਕਾਸ ਸਕ੍ਰੀਨਿੰਗ ਬਾਰੇ ਸੁਆਲਨਾਮਾ ਮੁਕੰਮਲ ਕਰ ਸਕਦੇ ਹੋ ਜਾਂ ਇਸ ਬਾਰੇ ਹੋਰ ਜਾਣਨ ਲਈ ਮਾਤਾ-ਪਿਤਾ ਦੀ ਮਦਦ ਲਈ 123 ਵੈਬਸਾਈਟ parenthelp123.org/child-development/help-me-grow-washington 'ਤੇ ਜਾਓ।

ਬੱਚਿਆਂ ਨੂੰ ਸੁਰੱਖਿਅਤ ਰਹਿਣ ਦਾ ਬੁਨਿਆਦੀ ਮਨੁੱਖੀ ਹੱਕ ਹੈ। ਦੁਰਵਿਹਾਰ ਅਤੇ ਨਜ਼ਰਅੰਦਾਜ਼ ਕੀਤੇ ਜਾਣ ਨਾਲ ਬੱਚਿਆਂ ਦੀ ਸੁਰੱਖਿਆ ਖ਼ਤਰੇ ਵਿਚ ਪੈ ਜਾਂਦੀ ਅਤੇ ਉਹਨਾਂ ਨੂੰ ਸਰੀਰਕ ਅਤੇ ਜਜ਼ਬਾਤੀ ਨੁਕਸਾਨ ਅਤੇ ਇੱਥੋਂ ਤੱਕ ਕਿ ਮੌਤ ਦਾ ਜੋਖਮ ਹੁੰਦਾ ਹੈ। ਜੇ ਤੁਹਾਨੂੰ ਸ਼ੱਕ ਹੈ ਕਿ ਬੱਚਾ ਦੁਰਵਿਹਾਰ ਅਤੇ ਨਜ਼ਰਅੰਦਾਜ਼ ਕੀਤੇ ਜਾਣ ਦਾ ਸ਼ਿਕਾਰ ਹੈ, DCYF ਤਾਂ 1-866-END-HARM (1-866-363-4276). ਵਿਖੇ ਟੋਲ ਫ੍ਰੀ ਨੰਬਰ 'ਤੇ ਸੰਪਰਕ ਕਰੋ।

ਜੇ ਤੁਹਾਡੇ ਅਗਲੇ ਪੜਾਵਾਂ ਜਾਂ **1-844-626-8687.** ਵਿਖੇ ਤੁਹਾਡੀ ਜਾਰੀ ਯੋਗਤਾ ਬਾਰੇ ਸੁਆਲ ਹਨ, ਤਾਂ ਕਿਰਪਾ ਕਰਕੇ ਬਾਲ ਸੰਭਾਲ ਸਬਸਿਡੀ ਸੰਪਰਕ ਸੈਂਟਰ ਨਾਲ ਸੰਪਰਕ ਕਰੋ।

ਜੇ ਪ੍ਰਵਾਣਗੀ ਦੇ ਅਮਲ ਅਤੇ ਸ਼ਰਤਾਂ ਬਾਰੇ ਤੁਹਾਡੇ ਪ੍ਰੋਵਾਈਡਰ ਦੇ ਸੁਆਲ ਹਨ, ਤਾਂ**: 1-866-482-4325 #8** ਵਿਖੇ ਆਪਣੇ ਲਾਇਸੈਂਸ ਦੀ ਛੋਟ ਬਾਰੇ ਸਪੈਸ਼ਲਿਸਟ ਨਾਲ ਸੰਪਰਕ ਕਰਨ ਜਾਂ **dcyf.ffn@dcyf.wa.gov.** ਨੂੰ ਈਮੇਲ ਕਰਨ।